# ਕਿਫ਼ਾਇਤੀ, ਪਹੁੰਚਯੋਗ ਬਾਲ ਦੇਖਭਾਲ ਵਾਲੇ ਸਥਾਨਾਂ ਲਈ ਹੋਰ ਵਿਕਲਪ

31 ਜਨਵਰੀ, 2023

## ਫੈਡਰਲ ਸਰਕਾਰ ਅੱਗੇ ਲਗਾਤਾਰ ਵਕਾਲਤ ਕਰਨ ਦਾ ਮਤਲਬ ਹੈ ਕਿ ਅਲਬਰਟਾ ਦੇ ਪਰਿਵਾਰਾਂ ਕੋਲ ਹਜ਼ਾਰਾਂ ਹੋਰ ਲਾਇਸੈਂਸਸ਼ੁਦਾ ਪ੍ਰਾਈਵੇਟ ਬਾਲ-ਦੇਖਭਾਲ ਸਥਾਨਾਂ ਤੱਕ ਪਹੁੰਚ ਹੋਵੇਗੀ।

ਅਲਬਰਟਾ ਦੀ ਸਰਕਾਰ ਲਾਈਸੈਂਸਸ਼ੁਦਾ ਬਾਲ-ਦੇਖਭਾਲ ਪ੍ਰਦਾਤਾ ਦੀ ਚੋਣ ਕਰਨ ਵਿੱਚ ਮਾਪਿਆਂ ਦੀ ਚੋਣ ਦਾ ਸਮਰਥਨ ਕਰਦੀ ਹੈ ਜੋ ਉਹਨਾਂ ਦੀਆਂ ਪਰਿਵਾਰਕ ਲੋੜਾਂ ਨੂੰ ਪੂਰਾ ਕਰਦਾ ਹੈ ਅਤੇ ਉਹਨਾਂ ਨੂੰ ਮਨ ਦੀ ਸ਼ਾਂਤੀ ਦਿੰਦਾ ਹੈ। ਚਿਲਡ੍ਰਨਸ ਸਰਵਿਸਿਜ਼ ਦੁਆਰਾ ਕੀਤਾ ਜਾ ਰਿਹਾ ਕੰਮ ਯਕੀਨੀ ਬਣਾਉਂਦਾ ਹੈ ਕਿ ਅਲਬਰਟਾ-ਕੈਨੇਡਾ ਵਾਈਡ ਅਰਲੀ ਲਰਨਿੰਗ ਐਂਡ ਚਾਇਲਡ ਕੇਅਰ ਸਮਝੌਤਾ(ACELCC) ਸੂਬੇ ਦੀ ਮਿਕਸਡ-ਮਾਰਕੀਟ ਬਾਲ-ਦੇਖਭਾਲ ਪ੍ਰਣਾਲੀ, ਜਿਸ ਵਿੱਚ ਪ੍ਰਾਈਵੇਟ ਅਤੇ ਗੈਰ-ਲਾਭਕਾਰੀ ਦੋਵੇਂ ਤਰ੍ਹਾਂ ਦੇ ਪ੍ਰਦਾਤਾ ਸ਼ਾਮਲ ਹਨ, ਨੂੰ ਦਰਸਾਉਂਦੇ ਹੋਏ ਅਲਬਰਟਾ ਪਰਿਵਾਰਾਂ ਦੀ ਮਦਦ ਕਰੇ।

ਫੈਡਰਲ ਸਰਕਾਰ ਨਾਲ ਲਾਗਤ ਕੰਟ੍ਰੋਲ ਫ੍ਰੇਮਵਰਕ (Cost Control Framework) ਅਤੇ ਮੁਨਾਫ਼ੇ ਲਈ ਵਿਸਤਾਰ ਯੋਜਨਾ (For-Profit Expansion Plan) 'ਤੇ ਸਮਝੌਤਾ ਅਲਬਰਟਾ ਵਿੱਚ ਹੋਰ ਬਾਲ-ਦੇਖਭਾਲ ਸਥਾਨ ਬਣਾਉਣ ਲਈ ਇੱਕ ਅਗਲਾ ਕਦਮ ਸੀ। ਹੁਣ, ਮਾਰਚ 2026 ਦੇ ਅੰਤ ਤੱਕ 22,500 ਵਾਧੂ ਲਾਇਸੈਂਸਸ਼ੁਦਾ ਪ੍ਰਾਈਵੇਟ ਬਾਲ ਦੇਖਭਾਲ ਸਥਾਨ ਅਗਲੇ ਤਿੰਨ ਸਾਲਾਂ ਵਿੱਚ ਫੰਡਿੰਗ ਸਹਾਇਤਾ ਲਈ ਯੋਗ ਹੋ ਸਕਦੇ ਹਨ ਜਿਸ ਨਾਲ ਨਵੇਂ ਲਾਇਸੈਂਸਸ਼ੁਦਾ ਬਾਲ ਦੇਖਭਾਲ ਸਥਾਨਾਂ ਦੀ ਕੁੱਲ ਸੰਖਿਆ ਕੁੱਲ 68,700 ਹੋ ਜਾਵੇਗੀ। ਇਹ ਸਹਾਇਤਾ ਪੂਰੇ ਸੂਬੇ ਵਿੱਚ ਬਾਲ ਦੇਖਭਾਲ ਤੱਕ ਪਹੁੰਚ ਵਧਾਉਣ ਅਤੇ ਅਲਬਰਟਾ ਦੇ ਮਾਪਿਆਂ ਲਈ ਬਾਲ ਦੇਖਭਾਲ ਫ਼ੀਸਾਂ ਨੂੰ ਘਟਾਉਣ ਵਿੱਚ ਮਦਦ ਕਰੇਗੀ।

ਬਣਾਏ ਗਏ 22,500 ਨਵੇਂ ਸਥਾਨਾਂ ਵਿੱਚੋਂ, 1,600 ਤੱਕ ਪ੍ਰਾਈਵੇਟ ਸਥਾਨ ਲਗਭਗ ਤੁਰੰਤ ਫੰਡਿੰਗ ਲਈ ਯੋਗ ਹੋ ਸਕਦੇ ਹਨ, ਅਤੇ 2,000 ਤੱਕ ਹੋਰ ਲਾਇਸੈਂਸ ਦੀਆਂ ਲੋੜਾਂ ਪੂਰੀਆਂ ਹੁੰਦੇ ਹੀ ਯੋਗ ਬਣ ਸਕਦੇ ਹਨ, ਇਹ ਇੱਕ ਅਜਿਹਾ ਕਦਮ ਹੈ ਜੋ ਅਲਬਰਟਾ ਦੇ ਵਧੇਰੇ ਪਰਿਵਾਰਾਂ ਲਈ ਮਾਪਿਆਂ ਦੀਆਂ ਫ਼ੀਸਾਂ ਨੂੰ ਘਟਾਏਗਾ। ਪੂਰੇ ਸੂਬੇ ਵਿੱਚ

ਪਰਿਵਾਰਾਂ ਲਈ ਲਾਇਸੈਂਸਸ਼ੁਦਾ ਬਾਲ ਦੇਖਭਾਲ ਤੱਕ ਪਹੁੰਚ ਨੂੰ ਯਕੀਨੀ ਬਣਾਉਣ ਦੀ ਅਲਬਰਟਾ ਦੀ ਵਚਨਬੱਧਤਾ ਦੇ ਹਿੱਸੇ ਵਜੋਂ, ਬਾਕੀ ਬਚੇ ਸਥਾਨ 2026 ਤੱਕ ਬਣਾਏ ਜਾਣਗੇ।

ACELCC ਸਮਝੌਤੇ ਰਾਹੀਂ, ਜ਼ੀਰੋ ਤੋਂ ਕਿੰਡਰਗਾਰਟਨ ਦੀ ਉਮਰ ਦੇ ਬੱਚਿਆਂ ਲਈ ਔਸਤ ਬਾਲ-ਦੇਖਭਾਲ ਫ਼ੀਸਾਂ ਨੂੰ ਅੱਧਾ ਕਰ ਦਿੱਤਾ ਗਿਆ ਹੈ। ਸਥਾਨਾਂ ਦਾ ਵਿਸਤਾਰ 2026 ਤੱਕ ਮਾਪਿਆਂ ਲਈ ਬਾਲ-ਦੇਖਭਾਲ ਫ਼ੀਸਾਂ ਨੂੰ ਔਸਤਨ $10 ਪ੍ਰਤੀ ਦਿਨ ਤੱਕ ਘਟਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ, ਇੱਕ ਅਜਿਹਾ ਕਦਮ ਜੋ ਸੰਘੀ ਅਤੇ ਸੂਬਾਈ ਸਰਕਾਰਾਂ, ਦੋਵਾਂ ਲਈ ਮਹੱਤਵਪੂਰਨ ਹੈ।

ਪੂਰੇ ਸੂਬੇ ਵਿੱਚ ਅਲਬਰਟਾ ਦੀ ਮਿਕਸਡ-ਮਾਰਕੀਟ ਪ੍ਰਣਾਲੀ ਵਿੱਚ ਲਾਇਸੈਂਸਸ਼ੁਦਾ ਬਾਲ ਦੇਖਭਾਲ ਤੱਕ ਪਹੁੰਚ ਨੂੰ ਯਕੀਨੀ ਬਣਾਉਣ ਲਈ ਇਨ੍ਹਾਂ ਨਵੇਂ ਨਿੱਜੀ ਸਥਾਨਾਂ ਨੂੰ ਸਮੁੱਚੀ ਰਣਨੀਤੀ ਵਿੱਚ ਸ਼ਾਮਲ ਕੀਤਾ ਜਾਵੇਗਾ।

ਸਤੰਬਰ 2022 ਤੱਕ, ਪ੍ਰਾਈਵੇਟ ਅਤੇ ਗੈਰ-ਮੁਨਾਫ਼ਾ, ਦੋਵਾਂ ਤਰ੍ਹਾਂ ਦੇ ਲਾਇਸੈਂਸਸ਼ੁਦਾ ਬਾਲ-ਦੇਖਭਾਲ ਪ੍ਰੋਗਰਾਮਾਂ ਵਿੱਚ ਕਿੰਡਰਗਾਰਟਨ-ਉਮਰ ਤੱਕ ਦੇ ਬੱਚਿਆਂ ਲਈ 112,000 ਤੋਂ ਵੱਧ ਸਥਾਨ ਫੰਡਿੰਗ ਸਹਾਇਤਾ ਲਈ ਯੋਗ ਹਨ। ਨਵੰਬਰ 2021 ਵਿੱਚ ਦਸਤਖ਼ਤ ਕੀਤੇ ਗਏ ਸ਼ੁਰੂਆਤੀ ਸਮਝੌਤੇ ਦਾ ਮਤਲਬ ਸੀ ਕਿ 2025-26 ਤੱਕ 42,500 ਗੈਰ-ਲਾਭਕਾਰੀ ਸਥਾਨ ਬਣਾਏ ਜਾਣਗੇ। ਹੁਣ ਜਦੋਂ ਕਿ ਲਾਗਤ ਕੰਟ੍ਰੋਲ ਫ੍ਰੇਮਵਰਕ (Cost Control Framework) ਅਤੇ ਮੁਨਾਫ਼ੇ ਲਈ ਵਿਸਤਾਰ ਯੋਜਨਾ (For-Profit Expansion Plan) 'ਤੇ ਦੋਵਾਂ ਸਰਕਾਰਾਂ ਦੀ ਸਹਿਮਤ ਮਿਲ ਗਈ ਹੈ, 22,500 ਨਿੱਜੀ ਸਥਾਨ ਵੀ ਫੰਡਿੰਗ ਲਈ ਯੋਗ ਹਨ।

ਇਹ ਯਕੀਨੀ ਬਣਾਉਣ ਲਈ ਕਿ ਸੂਬੇ ਨੂੰ ਸਭ ਤੋਂ ਵਧੀਆ ਸੌਦਾ ਮਿਲਿਆ ਹੈ, ਨਵੰਬਰ 2021 ਵਿੱਚ ਪਹਿਲੀ ਵਾਰ ਸਮਝੌਤੇ 'ਤੇ ਦਸਤਖ਼ਤ ਕਰਨ ਦੇ ਬਾਅਦ ਤੋਂ ਅਲਬਰਟਾ ਦੀ ਸਰਕਾਰ ਨੇ ਫੈਡਰਲ ਸਰਕਾਰ ਨਾਲ ਕੰਮ ਕਰਨਾ ਜਾਰੀ ਰੱਖਿਆ ਹੈ। ਚੱਲ ਰਹੀ ਗੱਲਬਾਤ ਦੇ ਨਤੀਜੇ ਵਜੋਂ ਲਾਗਤ ਨਿਯੰਤਰਣ ਫ੍ਰੇਮਵਰਕ ਅਤੇ ਮੁਨਾਫ਼ੇ ਲਈ ਵਿਸਤਾਰ ਯੋਜਨਾ 'ਤੇ ਦਸਤਖ਼ਤ ਕੀਤੇ ਗਏ ਹਨ, ਜਿਸਦਾ ਮਤਲਬ ਹੈ ਕਿ ਪਹਿਲਾਂ ਫੰਡਿੰਗ ਸਹਾਇਤਾ ਤੋਂ ਬਾਹਰ ਰੱਖੇ ਗਏ ਨਵੇਂ ਪ੍ਰਾਈਵੇਟ ਆਪਰੇਟਰਾਂ ਨੂੰ ਹੁਣ ਸ਼ਾਮਲ ਕੀਤਾ ਜਾ ਸਕਦਾ ਹੈ।

ਫ੍ਰੇਮਵਰਕ ਅਤੇ ਵਿਸਤਾਰ ਯੋਜਨਾ ਲਈ ਸਹਿਮਤੀ ਦੇ ਨਾਲ, ਸੂਬਾ ਹੁਣ ਇਸਦੇ ਲਾਗੂ ਕਰਨ ਲਈ ਤਿਆਰੀ ਕਰ ਸਕਦਾ ਹੈ, ਜਿਸ ਵਿੱਚ ਇੱਕ ਨਵਾਂ ਟਿਕਾਊ ਫੰਡਿੰਗ ਮਾਡਲ ਵਿਕਸਿਤ ਕਰਨਾ ਸ਼ਾਮਲ ਹੈ। ਅਲਬਰਟਾ ਦੀ ਸਰਕਾਰ ਲਾਗਤ ਨਿਯੰਤਰਣ ਫ੍ਰੇਮਵਰਕ ਨੂੰ ਲਾਗੂ ਕਰਨ ਦੇ ਤਰੀਕੇ ਬਾਰੇ ਵਿਚਾਰ ਲੈਣ ਕਰਨ ਲਈ ਆਉਣ ਵਾਲੇ ਮਹੀਨਿਆਂ ਵਿੱਚ ਬਾਲ-ਦੇਖਭਾਲ ਆਪਰੇਟਰਾਂ ਨਾਲ ਜੁੜਨਾ ਜਾਰੀ ਰੱਖੇਗੀ।

# ਫੌਰੀ ਤੱਥ

- ਅਲਬਰਟਾ ਦਾ ਲਾਗਤ ਨਿਯੰਤਰਣ ਫ੍ਰੇਮਵਰਕ ਸਾਰੇ ਨਿੱਜੀ ਅਤੇ ਗੈਰ-ਮੁਨਾਫ਼ਾ ਆਪਰੇਟਰਾਂ 'ਤੇ ਲਾਗੂ ਹੋਵੇਗਾ। ਫ੍ਰੇਮਵਰਕ ਲਈ ਸਹਿਮਤ ਹੋਣ ਤੋਂ ਪਹਿਲਾਂ, ਸਿਰਫ ਨਵੇਂ ਗੈਰ-ਮੁਨਾਫ਼ਾ ਸਥਾਨ ਫੰਡਿੰਗ ਸਹਾਇਤਾ ਲਈ ਯੋਗ ਸਨ।

- ਆਮਦਨ ਦੀਆਂ ਸੀਮਾਵਾਂ 'ਤੇ ਆਧਾਰਿਤ ਸਬਸਿਡੀਆਂ ਤੋਂ ਇਲਾਵਾ, ਬਾਲ ਦੇਖਭਾਲ ਵਿੱਚ ਪੂਰੇ ਸਮੇਂ ਲਈ ਸ਼ਾਮਲ ਬੱਚੇ ਲਈ, ਆਪਰੇਟਰਾਂ ਨੂੰ ਕਿਫ਼ਾਇਤੀ ਫੰਡਿੰਗ ਦੇ ਨਤੀਜੇ ਵਜੋਂ ਮਾਪਿਆਂ ਦੀ ਪ੍ਰਤੀ ਮਹੀਨਾ $450 ਅਤੇ $635 ਦੇ ਵਿਚਕਾਰ ਦੀ ਬਚਤ ਹੁੰਦੀ ਹੈ।

## ਸੰਬੰਧਿਤ ਜਾਣਕਾਰੀ

- ਲਾਗਤ ਕੰਟ੍ਰੋਲ ਫ੍ਰੇਮਵਰਕ ਅਤੇ ਮੁਨਾਫ਼ੇ ਲਈ ਵਿਸਤਾਰ ਯੋਜਨਾ
- ਸੰਘੀ-ਸੂਬਾਈ ਬਾਲ ਦੇਖਭਾਲ ਸਮਝੌਤਾ
- ਲਾਗਤ ਕੰਟ੍ਰੋਲ ਫ੍ਰੇਮਵਰਕ

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਦੇਖੋ